Washington State Department of Social & Health Services
Transforming lives

ਸੰਪਤੀ ਦੀ ਤਸਦੀਕ ਲਈ ਮਨਜ਼ੂਰੀ

Asset Verification Authorization

ਕਲਾਇੰਟ ਦਾ ਨਾਮ
ACES ID ਨੰਬਰ

ਮੈਂ ਹੇਠ ਲਿਖੀਆਂ ਗੱਲਾਂ ਸਮਝਦਾ/ਸਮਝਦੀ ਹਾਂ:

- ਡਾਕਟਰੀ ਸਹਾਇਤਾ ਲਈ ਅਰਜ਼ੀ ਦੇਣ ਜਾਂ ਇਸ ਨੂੰ ਨਵਿਆਉਣ ਲਈ ਪ੍ਰਦਾਨ ਕੀਤੀ ਗਈ ਜਾਣਕਾਰੀ ਸਹੀ ਹੈ ਜਾਂ ਨਹੀਂ, ਇਹ ਨਿਰਧਾਰਤ ਕਰਨ ਲਈ ਸੰਘੀ ਅਤੇ ਰਾਜ ਦੇ ਅਧਿਕਾਰੀ ਇਸ ਦੀ ਤਸਦੀਕ ਕਰ ਸਕਦੇ ਹਨ।
- ਹੈਲਥ ਕੇਅਰ ਅਥਾਰਟੀ (HCA) ਅਤੇ ਡਿਪਾਰਟਮੈਂਟ ਆਫ਼ ਸੋਸ਼ਲ ਐਂਡ ਹੈਲਥ ਸਰਵਿਸਿਜ਼ (DSHS) ਸੰਪਤੀ ਦੀ ਤਸਦੀਕ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਜਾਂਚ ਕਰ ਸਕਦੇ ਹਨ ਅਤੇ ਕਿਸੇ ਵੀ ਵਿੱਤੀ ਸੰਸਥਾ ਨਾਲ ਸੰਪਰਕ ਕਰ ਸਕਦੇ ਹਨ।
- ਇਹ ਮਨਜ਼ੂਰੀ ਉਦੋਂ ਖਤਮ ਹੁੰਦੀ ਹੈ ਜਦੋਂ:
  - ਮੇਰੀ ਅਰਜ਼ੀ 'ਤੇ ਕੋਈ ਅੰਤਿਮ ਪ੍ਰਤੀਕੂਲ ਫੈਸਲਾ ਲਿਆ ਜਾਂਦਾ ਹੈ, ਜਾਂ
  - ਮੇਰੇ ਲਾਭ ਖਤਮ ਹੋ ਜਾਂਦੇ ਹਨ, ਜਾਂ
  - ਮੈਂ ਕਿਸੇ ਵੀ ਸਮੇਂ HCA ਜਾਂ DSHS ਨੂੰ ਲਿਖਤੀ ਨੋਟਿਸ ਦੇ ਕੇ ਮਨਜ਼ੂਰੀ ਨੂੰ ਰੱਦ ਕਰਦਾ/ਕਰਦੀ ਹਾਂ।

ਜੇਕਰ ਮੈਂ ਮਨਜ਼ੂਰੀ ਨੂੰ ਰੱਦ ਕਰਦਾ/ਕਰਦੀ ਹਾਂ ਜਾਂ ਪ੍ਰਦਾਨ ਕਰਨ ਤੋਂ ਇਨਕਾਰ ਕਰਦਾ/ਕਰਦੀ ਹਾਂ, ਤਾਂ ਮੈਂ ਸਮਝਦਾ/ਸਮਝਦੀ ਹਾਂ ਕਿ ਮੈਂ ਕਿਸੇ ਵੀ ਵਾਸ਼ਿੰਗਟਨ ਐਪਲ ਹੈਲਥ ਦੇ ਬਜ਼ੁਰਗ, ਨੇਤਰਹੀਣ ਜਾਂ ਅਪਾਹਜ SSI-ਸੰਬੰਧਿਤ ਮੈਡੀਕੇਡ (Medicaid) ਪ੍ਰੋਗਰਾਮਾਂ ਲਈ ਯੋਗ ਨਹੀਂ ਹੋਵਾਂਗਾ/ਹੋਵਾਂਗੀ। ਇਹ ਨਕਦੀ, ਭੋਜਨ, ਅਤੇ/ਜਾਂ ਬੱਚਿਆਂ ਦੀ ਦੇਖਭਾਲ ਲਈ ਅਰਜ਼ੀ ਦੇਣ ਦੀ ਮੇਰੀ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ।

ਮੈਂ ਯੋਗਤਾ ਨਿਰਧਾਰਤ ਕਰਨ ਅਤੇ ਵਿੱਤੀ ਸੰਸਥਾ ਦੀ ਜਾਣਕਾਰੀ ਦੀ ਸ਼ੁੱਧਤਾ ਦੀ ਪੁਸ਼ਟੀ ਕਰਨ ਲਈ HCA ਅਤੇ DSHS ਨੂੰ ਸੰਪਤੀ ਦੀ ਤਸਦੀਕ ਕਰਨ ਦਾ ਅਧਿਕਾਰ ਦਿੰਦਾ/ਦਿੰਦੀ ਹਾਂ।

ਤੁਹਾਡੇ ਅਤੇ, ਜੇਕਰ ਲਾਗੂ ਹੋਵੇ, ਤੁਹਾਡੇ ਜੀਵਨ ਸਾਥੀ ਦੇ ਮਨਜ਼ੂਰੀ ਦੇਣ ਵਾਲੇ ਹਸਤਾਖਰ ਅਤੇ ਪ੍ਰਿੰਟ ਕੀਤੇ ਨਾਮ ਦੀ ਲੋੜ ਹੈ।

ਕਲਾਇੰਟ ਦੇ ਹਸਤਾਖਰ	ਤਾਰੀਖ਼	ਸਾਫ਼ ਅੱਖਰਾਂ ਵਿੱਚ ਲਿਖਿਆ ਨਾਮ
ਜੀਵਨ ਸਾਥੀ ਦੇ ਹਸਤਾਖਰ	ਤਾਰੀਖ਼	ਸਾਫ਼ ਅੱਖਰਾਂ ਵਿੱਚ ਲਿਖਿਆ ਨਾਮ
ਨਾਬਾਲਗ ਬੱਚੇ ਕਲਾਇੰਟ ਲਈ ਮਾਤਾ ਜਾਂ ਪਿਤਾ ਦੇ ਹਸਤਾਖਰ	ਤਾਰੀਖ਼	ਸਾਫ਼ ਅੱਖਰਾਂ ਵਿੱਚ ਲਿਖਿਆ ਨਾਮ
ਅਧਿਕਾਰਤ ਪ੍ਰਤੀਨਿਧੀ ਦੇ ਹਸਤਾਖਰ	ਤਾਰੀਖ਼	ਸਾਫ਼ ਅੱਖਰਾਂ ਵਿੱਚ ਲਿਖਿਆ ਨਾਮ